World's Largest Punjabi Weekly

ਅਜੀਤ

6 to 12 Nov. 2025 USA/ONTARIO/QUEBEC Division of 6178235 Canada Inc.

AJIT WEEKLY

Corporate Office: 7015-Tranmere Dr. Unit # 1 & 2 Mississauga, On. L5S 1T7 Canada

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 29 | No. 1673 | ajitweekly.com | darshantv.ca | fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

ਅਮੀਰ ਦੇਸ਼ਾਂ ਦੀ Citizenship ਹਾਸਿਲ ਕਰਨ 'ਚ Indians ਅੱਗੇ

ਚਮਕੌਰ ਸਿੰਘ ਮਾਛੀਕੇ

ਬਰੈਂਪਟਨ: ਔਰਗੇਨਾਈਜ਼ੇਸ਼ਨ ਫ਼ੌਰ ਇਕਨੌਮਿਕ ਕੋ-ਔਪ੍ਰੇਸ਼ਨ ਐਂਡ ਡਿਵੈਲਪਮੈਂਟ (OECD) ਨੇ ਇਸ ਸਾਲ ਦੀ ਆਪਣੀ ਰਿਪੋਰਟ International Migration Outlook 2025 'ਚ ਖ਼ੁਲਾਸਾ ਕੀਤਾ ਹੈ ਕਿ ਅਮੀਰ ਅਤੇ ਵਿਕਸਿਤ ਦੇਸ਼ਾਂ ਦੀ ਨਾਗਰਿਕਤਾ ਹਾਸਿਲ ਕਰਨ 'ਚ ਭਾਰਤੀ ਨਾਗਰਿਕ ਪੂਰੀ ਦੁਨੀਆਂ 'ਚ ਸਭ ਤੋਂ ਅੱਗੇ ਹਨ।

ਰਿਪੋਰਟ ਅਨੁਸਾਰ ਸਾਲ 2023 'ਚ ਲਗਭਗ 2.25 ਲੱਖ ਭਾਰਤੀਆਂ ਨੇ OECD ਮੈਂਬਰ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕੀਤੀ। ਇਹ ਹੁਣ ਤਕ ਦਾ ਸਭ ਤੋਂ ਵੱਡਾ ਅੰਕੜਾ ਹੈ। ਪਿਛਲੇ ਦੋ ਸਾਲਾਂ ਤੋਂ ਭਾਰਤ ਲਗਾਤਾਰ ਇਨ੍ਹਾਂ ਦੇਸ਼ਾਂ 'ਚ ਨਵੇਂ ਨਾਗਰਿਕਾਂ ਦਾ ਸਭ ਤੋਂ ਵੱਡਾ ਸਰੋਤ ਬਣਿਆ ਹੋਇਆ ਹੈ। ਭਾਰਤ ਤੋਂ ਬਾਅਦ ਫ਼ਿਲੀਪੀਨਜ਼ ਦੇ 1.32 ਲੱਖ ਅਤੇ ਚੀਨ ਦੇ 92, 400 ਨਾਗਰਿਕਾਂ ਨੇ OECD ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕੀਤੀ। ਕੁੱਲ ਮਿਲਾ ਕੇ 2023 'ਚ 28 ਲੱਖ ਲੋਕਾਂ ਨੇ ਵਿਕਸਿਤ ਦੇਸ਼ਾਂ ਦੀ ਨਾਗਰਿਕਤਾ ਲਈ। ਇੱਥੇ ਵਰਨਣਯੋਗ ਹੈ ਕਿ 3 ਨਵੰਬਰ 2025 ਨੂੰ ਛਪੀ ਰਿਪੋਰਟ 'ਚ ਸਾਲ 2023 ਤਕ ਦਾ ਡੇਟਾ ਹੀ ਕਵਰ ਕੀਤਾ ਗਿਆ ਹੈ ਨਾ ਕਿ 2024 ਦਾ, ਪਰ ਉਸ ਵਿੱਚ ਇਹ ਨੋਟ ਦਿੱਤਾ ਗਿਆ ਹੈ ਕਿ 2024 'ਚ OECD ਮੁਲਕਾਂ 'ਚ ਹਿਜਰਤ ਦਾ ਰੁਝਾਨ ਹਲਕਾ ਜਿਹਾ ਘੱਟਿਆ ਜ਼ਰੂਰ ਸੀ।

ਕੈਨੇਡਾ ਬਣਿਆ ਸਭ ਤੋਂ ਵੱਡੀ ਮੰਜ਼ਿਲ: ਭਾਰਤੀਆਂ ਨੇ ਸਭ ਤੋਂ ਵੱਧ ਨਾਗਰਿਕਤਾ ਕੈਨੇਡਾ ਦੀ ਲਈ। 2023 'ਚ 78, 487 ਭਾਰਤੀ ਕੈਨੇਡੀਅਨ ਨਾਗਰਿਕ ਬਣੇ ਜੋ 2022 ਦੇ 59, 405 ਦੇ ਅੰਕੜੇ ਤੋਂ ਵੱਡਾ ਵਾਧਾ ਦਰਸਾਉਂਦਾ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਕੈਨੇਡਾ ਦੀਆਂ ਸਥਿਰ ਨੀਤੀਆਂ, ਸਥਾਈ ਨਿਵਾਸ ਦੀ ਪ੍ਰਕਿਰਿਆ 'ਚ ਤੇਜ਼ੀ ਅਤੇ ਪਿਛਲੇ ਦਹਾਕੇ 'ਚ ਵੱਸੇ ਭਾਰਤੀ ਪੇਸ਼ੇਵਰਾਂ ਦੀ ਮੌਜੂਦਗੀ ਇਸ ਵਾਧੇ ਦਾ ਮੁੱਖ ਕਾਰਨ ਹਨ।

ਮਾਹਿਰਾਂ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ 2024 'ਚ ਕੈਨੇਡਾ 'ਚ ਨਾਗਰਿਕਤਾ ਲੈਣ ਵਾਲੇ ਭਾਰਤੀਆਂ ਦੀ ਗਿਣਤੀ ਘੱਟੀ ਹੋ ਸਕਦੀ ਹੈ ਜਿਸ ਦਾ ਕਾਰਨ ਕੈਨੇਡਾ 'ਚ ਵਧਦੀ ਮਹਿੰਗਾਈ, ਮਕਾਨਾਂ ਦੀ ਕਮੀ, ਸਖ਼ਤ ਇਮੀਗ੍ਰੇਸ਼ਨ ਨਿਯਮ ਅਤੇ ਭਾਰਤ-ਕੈਨੇਡਾ ਦਰਮਿਆਨ ਚੱਲ ਰਿਹਾ ਤਨਾਅ ਹੋ ਸਕਦਾ ਹੈ।

ਕੈਨੇਡਾ ਤੋਂ ਇਲਾਵਾ USA ਅਤੇ Australia ਵੀ ਪ੍ਰਮੁੱਖ ਮੰਜ਼ਿਲਾਂ ਹਨ। 2023 'ਚ 52, 360 ਭਾਰਤੀ ਅਮਰੀਕੀ ਨਾਗਰਿਕ ਬਣੇ, ਜਦੋਂ ਕਿ 40, 361 ਭਾਰਤੀਆਂ ਨੇ ਆਸਟ੍ਰੇਲੀਆ ਦੀ ਨਾਗਰਿਕਤਾ ਲਈ। ਇਨ੍ਹਾਂ ਤਿੰਨਾਂ ਦੇਸ਼ਾਂ - Canada, USA ਅਤੇ Australia 'ਚ ਕੁੱਲ 1.71 ਲੱਖ ਭਾਰਤੀਆਂ ਨੇ ਨਾਗਰਿਕਤਾ ਹਾਸਿਲ ਕੀਤੀ ਜੋ 2023 'ਚ ਭਾਰਤ ਦੇ ਕੁੱਲ ਨਾਗਰਿਕਤਾ ਲੈਣ ਵਾਲਿਆਂ ਦਾ ਲਗਭਗ 76 ਫ਼ੀਸਦੀ ਹੈ। ਇਸ ਤੋਂ ਇਲਾਵਾ 2023 'ਚ ਲਗਭਗ ਛੇ ਲੱਖ ਭਾਰਤੀ ਕੰਮ ਜਾਂ ਪੜ੍ਹਾਈ ਲਈ OECD ਦੇਸ਼ਾਂ 'ਚ ਗਏ।

ਕੀ Tariffs ਦੇ ਅਰਬਾਂ ਡਾਲਰ ਵਾਪਿਸ ਕਰੇਗਾ US?

ਵਸ਼ਿੰਗਟਨ: US ਸੁਪਰੀਮ ਕੋਰਟ 'ਚ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਦੁਨੀਆਂ ਭਰ ਦੇ ਦੇਸ਼ਾਂ 'ਤੇ ਲਗਾਏ ਗਏ ਵਿਆਪਕ ਗਲੋਬਲ Tariffs ਦੇ ਮਾਮਲੇ ਦੀ ਸੁਣਵਾਈ ਦੌਰਾਨ ਜੱਜਾਂ ਨੇ Trump ਦੇ ਅਧਿਕਾਰ ਦੀ ਕਾਨੂੰਨੀ ਵੈਧਤਾ 'ਤੇ ਸ਼ੱਕ ਪ੍ਰਗਟ ਕੀਤਾ ਹੈ ਜਿਸ ਤੋਂ ਲੱਗਦਾ ਹੈ ਕਿ Trump ਦੇ Tariffs ਕਾਨੂੰਨੀ ਤੌਰ 'ਤੇ ਕਮਜ਼ੋਰ ਹੋ ਸਕਦੇ ਹਨ। ਇਸ ਕੇਸ ਨੂੰ ਦਹਾਕਿਆਂ 'ਚ ਕੋਰਟ ਦੇ ਸਾਹਮਣੇ ਆਏ ਸਭ ਤੋਂ ਵੱਧ ਮਹੱਤਵਪੂਰਣ ਆਰਥਿਕ ਅਤੇ ਰਾਜਨੀਤਿਕ ਮਾਮਲਿਆਂ 'ਚੋਂ ਇੱਕ ਮੰਨਿਆ ਜਾ ਰਿਹਾ ਹੈ, ਅਤੇ ਟਰੰਪ ਪ੍ਰਸ਼ਾਸਨ ਦੇ ਚੋਟੀ ਦੇ ਵਕੀਲ ਨੂੰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ।

ਅਮਰੀਕਾ 'ਚ ਚੱਲ ਰਹੇ ਇਸ ਇਤਿਹਾਸਕ ਮਾਮਲੇ ਨੇ ਟਰੰਪ ਪ੍ਰਸ਼ਾਸਨ ਦੇ Tariffs ਬਾਰੇ ਨਵੇਂ ਸਵਾਲ ਖੜ੍ਹੇ ਕੀਤੇ ਗਏ ਹਨ। ਸੁਪਰੀਮ ਕੋਰਟ 'ਚ ਚੱਲ ਰਹੀ ਸੁਣਵਾਈ ਦੌਰਾਨ ਬਹਿਸ ਤੇਜ਼ ਹੋ ਗਈ। ਜੇਕਰ ਅਦਾਲਤ ਟਰੰਪ ਪ੍ਰਸ਼ਾਸਨ ਦੇ ਵਿਰੁੱਧ ਫ਼ੈਸਲਾ ਸੁਣਾਉਂਦੀ ਹੈ ਤਾਂ ਕੀ ਇਨ੍ਹਾਂ Tariffs ਤਹਿਤ ਅਰਬਾਂ ਡਾਲਰਾਂ ਦੀ ਵਾਧੂ ਆਯਾਤ ਡਿਊਟੀ ਅਦਾ ਕਰਨ ਵਾਲੇ ਕਾਰੋਬਾਰਾਂ ਨੂੰ Refund ਮਿਲੇਗਾ? CNN ਦੀ ਇੱਕ ਰਿਪੋਰਟ ਅਨੁਸਾਰ 23 ਸਤੰਬਰ ਤਕ US Customs and Border Control ਵਿਭਾਗ ਨੇ ਇਨ੍ਹਾਂ ਵਿਵਾਦਿਤ Tariffs ਤੋਂ 90 ਬਿਲੀਅਨ ਡਾਲਰਾਂ ਦਾ ਮਾਲੀਆ ਇਕੱਠਾ ਕੀਤਾ ਹੈ। ਹੁਣ ਸਵਾਲ ਇਹ ਹੈ ਕਿ ਜੇਕਰ ਅਦਾਲਤ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਐਲਾਨਦੀ ਹੈ ਤਾਂ US ਨੂੰ ਦਿੱਤੇ ਗਏ ਪੈਸੇ ਦਾ ਕੀ ਹੋਵੇਗਾ?

ਸੁਪਰੀਮ ਕੋਰਟ 'ਚ ਉਠਾਇਆ ਗਿਆ ਮੁਸ਼ਕਿਲ ਸਵਾਲ: ਸੁਣਵਾਈ ਦੌਰਾਨ ਜਸਟਿਸ ਐਮੀ ਕੋਨੀ ਬੈਰਟ ਨੇ ਇਸ ਮੁੱਦੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਸ ਨੇ ਟਰੰਪ ਪ੍ਰਸ਼ਾਸਨ ਨੂੰ ਚੁਣੌਤੀ ਦੇਣ ਵਾਲੇ ਕਾਰੋਬਾਰਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੀਲ ਕਤਿਆਲ ਨੂੰ ਪੁੱਛਿਆ, "ਜੇਕਰ ਤੁਸੀਂ ਇਹ ਕੇਸ ਜਿੱਤ ਜਾਂਦੇ ਹੋ ਤਾਂ ਮੈਨੂੰ ਦੱਸੋ ਕਿ ਅਦਾਇਗੀ ਪ੍ਰਕਿਰਿਆ ਕਿਵੇਂ ਕੰਮ ਕਰੇਗੀ? ਕੀ ਇਸ 'ਚ ਪੂਰੀ ਤਰ੍ਹਾਂ ਗੜਬੜ ਨਹੀਂ ਹੋ ਜਾਵੇਗੀ?" ਕਤਿਆਲ ਨੇ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ Refund ਪ੍ਰਕਿਰਿਆ ਕਾਫ਼ੀ ਮੁਸ਼ਕਿਲ ਅਤੇ ਗੁੰਝਲਦਾਰ ਹੋਵੇਗੀ। ਉਸ ਨੇ ਕਿਹਾ ਕਿ ਉਸ ਦੇ ਗਾਹਕ, ਪੰਜ ਕੰਪਨੀਆਂ ਨਿਸ਼ਚਤ ਤੌਰ 'ਤੇ Refund ਦੀਆਂ ਹੱਕਦਾਰ ਹੋਣਗੀਆਂ, ਪਰ ਇਹ ਪ੍ਰਕਿਰਿਆ ਬਹੁਤ ਗੁੰਝਲਦਾਰ ਸਾਬਿਤ ਹੋ ਸਕਦੀ ਹੈ। ਜੱਜ ਬੈਰੇਟ ਨੇ ਮਜ਼ਾਕ ਉਡਾਇਆ, "ਖ਼ੈਰ, ਇਹ ਇੱਕ ਵੱਡੀ ਗੜਬੜ ਹੈ।"

ਮਾਮਲਾ ਇੰਨਾ ਗੁੰਝਲਦਾਰ ਕਿਉਂ? ਜੇਕਰ ਸੁਪਰੀਮ ਕੋਰਟ ਟਰੰਪ ਪ੍ਰਸ਼ਾਸਨ ਦੇ ਵਿਰੁੱਧ ਫ਼ੈਸਲਾ ਸੁਣਾਉਂਦੀ ਹੈ ਤਾਂ US ਸਰਕਾਰ ਨੂੰ ਅਰਬਾਂ ਡਾਲਰਜ਼ ਵਾਪਿਸ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਹਾਲਾਂਕਿ ਇੰਨੇ ਵੱਡੇ ਪੱਧਰ 'ਤੇ Tariffs Refund ਦੀ ਪ੍ਰਕਿਰਿਆ, ਜਿਸ 'ਚ ਹਜ਼ਾਰਾਂ ਕੰਪਨੀਆਂ ਅਤੇ ਕਈ ਸਾਲ ਪੁਰਾਣੇ ਰਿਕਾਰਡ ਸ਼ਾਮਿਲ ਹਨ, ਬਹੁਤ ਗੁੰਝਲਦਾਰ ਹੋਣ ਵਾਲੀ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ US ਆਰਥਿਕ ਪ੍ਰਣਾਲੀ ਲਈ ਇੱਕ ਵੱਡੀ ਚੁਣੌਤੀ ਪੈਦਾ ਕਰ ਸਕਦਾ ਹੈ।

ਸੁਣਵਾਈ ਦੇ ਮੁੱਖ ਬਿੰਦੂ: ਬਹਿਸ ਬੁੱਧਵਾਰ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 10 ਵਜੇ Washington DC 'ਚ ਸ਼ੁਰੂ ਹੋਈ ਅਤੇ ਨਿਰਧਾਰਿਤ ਦੋ ਘੰਟੇ 40 ਮਿੰਟਾਂ ਤੋਂ ਵੱਧ ਸਮੇਂ ਤਕ ਚੱਲੀ। ਨੌਂ ਜੱਜ ਇਸ ਗੱਲ 'ਤੇ ਵਿਚਾਰ ਕਰ ਰਹੇ ਹਨ ਕਿ ਕੀ ਰਾਸ਼ਟਰਪਤੀ ਨੇ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ Tariffs ਲਗਾਉਣ ਲਈ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (International Emergency Economic Powers Act) ਅਧੀਨ ਆਪਣੀ ਸ਼ਕਤੀ ਦੀ ਕਾਨੂੰਨੀ ਤੌਰ 'ਤੇ ਵਰਤੋਂ ਕੀਤੀ ਹੈ ਜਾਂ ਨਹੀਂ। ਇਸ 'ਚ ਫ਼ੈਂਟੇਨਿਲ ਨਾਲ ਸਬੰਧਤ ਕੈਨੇਡਾ, ਚੀਨ ਅਤੇ ਮੈਕਸੀਕੋ 'ਤੇ ਲਗਾਏ ਗਏ Tariffs ਵੀ ਸ਼ਾਮਿਲ ਹਨ। ਚੁਣੌਤੀ ਦੇਣ ਵਾਲਿਆਂ, ਜਿਨ੍ਹਾਂ 'ਚ ਛੋਟੇ ਕਾਰੋਬਾਰਾਂ ਅਤੇ ਕੁੱਝ ਰਾਜਾਂ ਦਾ ਇੱਕ ਸਮੂਹ ਸ਼ਾਮਿਲ ਹਨ, ਦਾ ਕਹਿਣਾ ਹੈ ਕਿ ਟਰੰਪ ਨੇ ਆਪਣੀਆਂ ਕਾਨੂੰਨੀ ਸ਼ਕਤੀਆਂ ਦੀ ਹੱਦ ਪਾਰ ਕਰ ਦਿੱਤੀ ਹੈ। ਹੇਠਲੀਆਂ ਅਦਾਲਤਾਂ ਪਹਿਲਾਂ ਹੀ ਚੁਣੌਤੀ ਦੇਣ ਵਾਲਿਆਂ ਨਾਲ ਸਹਿਮਤ ਹੋ ਚੁੱਕੀਆਂ ਹਨ, ਅਤੇ ਹੁਣ ਇਸ ਕੇਸ ਦਾ ਅੰਤਿਮ ਫ਼ੈਸਲਾ ਸੁਪਰੀਮ ਕੋਰਟ ਦੇ ਹੱਥ ਹੈ। ਇਹ ਕਹਿਣਾ ਔਖਾ ਹੈ ਕਿ ਅਦਾਲਤ ਨੂੰ ਆਪਣਾ ਫ਼ੈਸਲਾ ਸੁਣਾਉਣ 'ਚ ਕਿੰਨਾ ਸਮਾਂ ਲੱਗੇਗਾ, ਅਤੇ ਇਸ ਲਈ ਕਈ ਮਹੀਨੇ ਇੰਤਜ਼ਾਰ ਕਰਨਾ ਪੈ ਸਕਦਾ ਹੈ। (ਬਾਕੀ ਸਫ਼ਾ 2 'ਤੇ)

UK 'ਚ ਬਲਾਤਕਾਰ ਦੀਆਂ ਘਟਨਾਵਾਂ ਦਾ Asian ਔਰਤਾਂ 'ਤੇ ਅਸਰ

ਰਾਜ ਬਿਲਖੂ

ਬਰਮਿੰਘਮ: ਮੇਕ-ਅੱਪ ਆਰਟਿਸਟ ਰਵਿਤਾ ਪੰਨੂ ਨੇ ਵਾਲਸਾਲ 'ਚ ਆਪਣੇ ਬਿਊਟੀ ਸਲੌਨ ਦੀ ਸਥਾਪਤੀ ਲਈ ਕਈ ਸਾਲਾਂ ਦੀ ਸਖ਼ਤ ਘਾਲਾਣਾ ਘਾਲੀ ਹੈ। ਨਜ਼ਦੀਕ ਹੀ ਵੂਲਵਰਹੈਂਪਟਨ 'ਚ ਜਨਮੀ ਰਵਿਤਾ ਇੱਕ ਸਥਾਪਿਤ ਕਾਰੋਬਾਰੀ ਹੋਣ ਤੋਂ ਇਲਾਵਾ ਇੱਕ ਮਾਂ ਵੀ ਹੈ। ਲੇਕਿਨ ਉਹ ਵੈੱਸਟ ਮਿਡਲੈਂਡਜ਼ ਦੀਆਂ ਉਨ੍ਹਾਂ ਕਈ ਏਸ਼ੀਆਈ ਔਰਤਾਂ 'ਚੋਂ ਵੀ ਇੱਕ ਹੈ ਜਿਨ੍ਹਾਂ ਨੇ BBC ਨੂੰ ਦੱਸਿਆ ਕਿ ਹੁਣ ਉਹ ਨਿਰੰਤਰ ਆਪਣੇ ਪਿੱਛੇ ਧਿਆਨ ਰੱਖ ਕੇ ਤੁਰਦੀਆਂ ਹਨ। ਜਦੋਂ ਉਸ ਦੀ ਬੇਟੀ ਘਰੋਂ ਬਾਹਰ ਜਾਂਦੀ ਹੈ ਤਾਂ ਰਵਿਤਾ ਨੂੰ ਡਰ ਲਗਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਪਿਛਲੇ ਦੋ ਮਹੀਨਿਆਂ ਦੌਰਾਨ ਉਸ ਤੋਂ ਸਿਰਫ਼ 16 ਕਿਲੋਮੀਟਰ ਦੂਰੋਂ ਪੁਲੀਸ ਨੂੰ ਨਸਲੀ ਨਫ਼ਰਤ ਕਾਰਨ ਵਾਪਰੀਆਂ ਬਲਾਤਕਾਰ ਦੀਆਂ ਦੋ ਘਟਨਾਵਾਂ ਦੀ ਸੂਚਨਾ ਮਿਲੀ।

ਸਤੰਬਰ 9 ਦੀ ਸਵੇਰ ਨੂੰ ਵੀਹ ਕੁ ਸਾਲਾਂ ਦੀ ਇੱਕ ਸਿੱਖ ਮੁਟਿਆਰ ਦਾ ਓਲਡਬਰੀ 'ਚ ਥੇਮ ਰੋਡ 'ਤੇ ਬਲਾਤਕਾਰ ਕੀਤਾ ਗਿਆ। ਫ਼ਿਰ 25 ਅਕਤੂਬਰ ਨੂੰ ਵਾਲਸਾਲ ਦੇ ਪਾਰਕ ਹਾਲ ਇਲਾਕੇ 'ਚ ਇੱਕ ਹੋਰ ਸਿੱਖ ਮੁਟਿਆਰ, ਜੋ ਅਜੇ ਆਪਣੇ ਉਮਰ ਦੇ ਦੂਜੇ ਹੀ ਦਹਾਕੇ 'ਚ ਸੀ, ਦਾ ਰੇਪ ਹੋਇਆ। ਪੁਲੀਸ ਵਲੋਂ ਮਾਮਲੇ 'ਚ ਇੱਕ 32 ਸਾਲਾ ਪੁਰਸ਼ ਜੌਹਨ ਐਸ਼ਲੀ ਨੂੰ ਨਾਮਜ਼ਦ ਕੀਤਾ ਗਿਆ ਹੈ। ਦੋਵਾਂ ਹੀ ਮਾਮਲਿਆਂ 'ਚ ਅਪਰਾਧੀ ਆਪਣੇ ਪੀੜਤਾਂ ਲਈ ਅਜਨਬੀ ਸਨ। ਇੱਕ ਹੋਰ ਔਰਤ ਉੱਪਰ 27 ਅਕਤੂਬਰ ਨੂੰ ਵੂਲਵਰਹੈਂਪਟਨ 'ਚ ਬਿਜਲੀ ਦੇ ਝਟਕੇ ਨਾਲ ਸੁੰਨ ਕਰ ਦੇਣ ਵਾਲੇ ਇੱਕ ਉਪਕਰਣ ਨਾਲ ਹਮਲਾ ਕੀਤਾ ਗਿਆ। ਪੁਲੀਸ ਦਾ ਕਹਿਣਾ ਹੈ ਕਿ ਇਹ ਜਿਣਸੀ ਹਮਲਾ ਨਹੀਂ ਸਗੋਂ ਇੱਕ ਨਸਲੀ ਹਮਲਾ ਸੀ। ਸਿੱਖ ਵੂਮਿਨਜ਼ ਏਡ ਦੀ ਮੁਖੀ ਸੁਖਵਿੰਦਰ ਕੌਰ ਦਾ ਕਹਿਣਾ ਹੈ ਕਿ ਸੰਸਥਾ ਦੀ ਹੈੱਲਪਲਾਈਨ 'ਤੇ ਹੁਣ ਡਰੀਆਂ ਹੋਈਆਂ ਔਰਤਾਂ ਦੇ ਫ਼ੋਨ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆ ਰਹੇ ਹਨ।

ਵਾਲਸਾਲ 'ਚ ਇੱਕ ਇਕੱਲੀ ਮਾਂ ਆਪਣੀਆਂ ਤਿੰਨ ਬੇਟੀਆਂ ਨਾਲ ਰਹਿੰਦੀ ਹੈ। ਉਸ ਮਹਿਲਾ ਨੂੰ ਆਪਣੀਆਂ ਬੇਟੀਆਂ ਦੀ ਫ਼ਿਕਰ ਸੀ ਜਿਨ੍ਹਾਂ ਦੇ ਸਕੂਲ ਦਾ ਰਸਤਾ ਵਾਲਸਾਲ ਹਮਲੇ ਵਾਲੀ ਥਾਂ ਰਾਹੀਂ ਹੋ ਕੇ ਗੁਜ਼ਰਦਾ ਹੈ। ਇਸ ਲਈ ਮਹਿਲਾ ਨੇ ਸੰਸਥਾ ਤੋਂ ਮਦਦ ਦੀ ਮੰਗ ਕੀਤੀ ਸੀ। ਕੌਰ ਨੇ ਕਿਹਾ, "ਹੁਣ ਡਰ ਦੀ ਭਾਵਨਾ ਅਸਲੀ ਹੈ, ਇਹ ਠੜ 'ਤੇ ਫ਼ੈਲਾਇਆ ਜਾ ਰਿਹਾ ਕੋਈ ਸੱਜੇ ਪੱਖੀ ਨੈਰੇਟਿਵ ਨਹੀਂ ਰਹਿ ਗਿਆ। ਇਹ ਕੋਈ ਸੋਸ਼ਲ ਮੀਡੀਆ ਦੀ ਚੀਜ਼ ਨਹੀਂ। ਇਹ ਹੁਣ ਸਾਡੀਆਂ ਸੜਕਾਂ 'ਤੇ ਆ ਗਈ ਹੈ।" ਵੈੱਸਟ ਮਿਡਲੈਂਡਜ਼ ਦੀ ਪੁਲੀਸ ਨੇ ਕਿਹਾ ਕਿ ਇਸ ਇਲਾਕੇ ਨੂੰ ਸਾਡੇ ਭਾਈਚਾਰਿਆਂ ਅਤੇ ਖ਼ਾਸ ਕਰ ਕੇ ਲੜਕੀਆਂ ਲਈ ਸੁਰੱਖਿਅਤ ਬਣਾਉਣਾ ਸਾਡੀ ਪਹਿਲ ਹੈ।

ਪੁਲੀਸ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਔਰਤਾਂ ਦੀਆਂ ਸਵੈਸੇਵੀ ਸੰਸਥਾਵਾਂ, ਭਾਈਚਾਰਿਆਂ ਦੀਆਂ ਮੁਹਤਬਰ ਔਰਤਾਂ, ਭਾਈਚਾਰਕ ਸੁਰੱਖਿਆ ਦੇ ਹਿੱਸੇਦਾਰਾਂ, ਸੁਤੰਤਰ ਸਲਾਹਕਾਰ ਸਮੂਹਾਂ ਅਤੇ ਸਥਾਨਕ ਸਿਆਸਤਦਾਨਾਂ ਨਾਲ ਔਰਤਾਂ ਦੀ ਸੁਰੱਖਿਆ ਬਾਰੇ ਚਰਚਾ ਕਰਨ ਲਈ ਸੰਪਰਕ ਕੀਤਾ ਹੈ। ਵਾਲਸਾਲ ਹਮਲੇ 'ਚ ਪਿਛਲੇ ਹਫ਼ਤੇ ਇਲਜ਼ਾਮ ਦਾਇਰ (ਬਾਕੀ ਸਫ਼ਾ 2 'ਤੇ)

ਭਾਰਤੀ ਵਿਦਿਆਰਥੀਆਂ ਦੀਆਂ 4 'ਚੋਂ 3 ਅਰਜ਼ੀਆਂ ਰੱਦ

ਚਮਕੌਰ ਸਿੰਘ ਮਾਛੀਕੇ

ਮਿਸੀਸਾਗਾ: US ਨਾਲ Tariffs ਕਾਰਨ ਚੱਲਦੇ ਤਨਾਅ ਵਿਚਾਲੇ Canada ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧ ਸੁਧਾਰਣ ਦੀਆਂ ਕੋਸ਼ਿਸ਼ਾਂ 'ਚ ਲੱਗੇ ਹੋਏ ਹਨ। ਇਸ ਦਰਮਿਆਨ ਅਜਿਹੇ ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਨੇ ਇੱਕ ਝਟਕਾ ਦਿੱਤਾ ਹੈ ਜੋ ਉਥੋਂ ਦਾ ਵੀਜ਼ਾ ਹਾਸਿਲ ਕਰਨ ਦੀ ਦੌੜ 'ਚ ਸ਼ਾਮਿਲ ਸਨ।

ਸਰਕਾਰੀ ਅੰਕੜਿਆਂ ਮੁਤਾਬਿਕ ਚਾਰ 'ਚੋਂ ਤਿੰਨ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ। ਦਰਅਸਲ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਕੈਨੇਡਾ ਦੀਆਂ ਸਖ਼ਤ ਪਾਬੰਦੀਆਂ ਦਾ ਇਹ ਬੁਰਾ ਅਸਰ ਹੈ। ਜ਼ਿਕਰਯੋਗ ਹੈ ਕਿ Canada ਕਦੇ ਭਾਰਤੀ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਸਥਾਨ ਹੋਇਆ ਕਰਦਾ ਸੀ, ਪਰ ਹੁਣ ਉਹ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਆਪਣੀ ਪ੍ਰਸਿ